੧ੴ

ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।।

ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੪੬)

# ਅਧਿਆਪਕ ਸਨਮਾਨ ਸਮਾਗਮ

7 ਸਤੰਬਰ, 2022, ਐਸ. ਸੀ. ਡੀ. ਸਰਕਾਰੀ ਕਾਲਜ, ਲੁਧਿਆਣਾ

# ਸਨਮਾਨ ਪੱਤਰ

## ਡਾ. ਪ੍ਰਗਟ ਸਿੰਘ ਗਰਚਾ

ਪ੍ਰਿੰਸੀਪਲ, ਜੀ.ਐਚ.ਜੀ. ਖਾਲਸਾ ਕਾਲਜ ਆਫ਼ ਐਜੂਕੇਸ਼ਨ, ਗੁਰੂਸਰ ਸਧਾਰ

ਵਿਦਿਆਰਥੀ ਦੀ ਸ਼ਖ਼ਸੀਅਤ ਨੂੰ ਘੱੜਣ ਅਤੇ ਸਦਗੁਣਾਂ ਨਾਲ ਭਰਪੂਰ ਕਰਨ ਲਈ ਅਧਿਆਪਕ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਉੱਚਾ ਸੁੱਚਾ ਜੀਵਨ ਜੀਉਣ ਵਾਲੇ ਅਧਿਆਪਕ ਆਪਣੇ ਵਿਸ਼ੇ ਦੀ ਪੜ੍ਹਾਈ ਕਰਵਾਉਂਦਿਆਂ ਸੁਤੇ ਸਿੱਧ ਹੀ ਵਿਦਿਆਰਥੀ ਦੇ ਜੀਵਨ ਵਿਚ ਸੱਚੀਆਂ ਸੁੱਚੀਆਂ ਕੀਮਤਾਂ ਦਾ ਸੰਚਾਰ ਕਰ ਦਿੰਦੇ ਹਨ। ਉਸ ਨੂੰ ਜੀਵਨ ਦੇ ਸਹੀ ਮਾਰਗ 'ਤੇ ਤੋਰ ਕੇ ਬੁਲੰਦੀਆਂ 'ਤੇ ਪਹੁੰਚਾ ਦਿੰਦੇ ਹਨ। 1972 ਵਿੱਚ ਵਿਦਿਆਰਥੀ ਲਹਿਰ ਵਜੋਂ ਸਥਾਪਤ ਹੋਏ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਵਿਦਿਆਰਥੀਆਂ ਦੀ ਸ਼ਖ਼ਸੀਅਤ ਦੇ ਸਰਬਪੱਖੀ ਤੇ ਉਸਾਰੂ ਵਿਕਾਸ ਲਈ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਤੇ ਸਮੁੱਚੇ ਵਿਦਿਅਕ ਖੇਤਰ ਵਿਚ ਪਿਛਲੇ 50 ਸਾਲਾ ਦੌਰਾਨ ਸਰਬੱਤ ਦੇ ਭਲੇ ਨੂੰ ਸਮਰਪਿਤ ਵੱਡੀ ਵਲੰਟੀਅਰ ਲਹਿਰ ਪ੍ਰਚੰਡ ਕੀਤੀ ਹੈ, ਜਿਸ ਦਾ ਹਿੱਸਾ ਬਣ ਕੇ ਅਧਿਆਪਕਾਂ, ਪ੍ਰਿੰਸੀਪਲ ਸਾਹਿਬਾਨ ਤੇ ਬੁੱਧੀਜੀਵੀ ਵਰਗ ਨੇ ਭਰਪੂਰ ਯੋਗਦਾਨ ਪਾਇਆ ਹੈ।

ਆਪ ਜੀ ਨੇ ਇਕ ਅਧਿਆਪਕ ਵਜੋਂ ਵਿਦਿਆਰਥੀ ਦੀ ਸ਼ਖ਼ਸੀਅਤ ਉਸਾਰੀ ਦੇ ਵੱਖ-ਵੱਖ ਕਾਰਜਕਰਮਾਂ ਵਿਚ ਸ਼ਾਮਲ ਹੁੰਦਿਆਂ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਜਿਸ ਲਈ ਆਪ ਜੀ ਦਾ ਸਨਮਾਨ ਕਰਦਿਆਂ ਸਾਨੂੰ ਹਾਰਦਿਕ ਪ੍ਰਸੰਨਤਾ ਹੋ ਰਹੀ ਹੈ।

'ਸਰਬੱਤ ਦਾ ਭਲਾ'

ਚੇਅਰਮੈਨ
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

ਸਕੱਤਰ ਜਨਰਲ
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

ਕਨਵੀਨਰ
ਅਧਿਆਪਕ ਸਨਮਾਨ ਸਮਾਗਮ


## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

ਕੇਂਦਰੀ ਦਫ਼ਤਰ : ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ (ਪੰਜਾਬ)

ਸੰਪਰਕ : 98145-36936, 94177-07099

**E-mail : info@ggssc.net**   **Website : www.ggssc.net**